ਅਤਿ-ਜ਼ਰੂਰੀ/ਤੁਰੰਤ
ਮਿਤੀ ਸੰਦਈ-ਮੇਲ
ਰਾਹੀ



# ਡਾਇਰੈਕਟੋਰੇਟ,ਪਸ਼ੂ ਪਾਲਣ ਵਿਭਾਗ,ਪੰਜਾਬ

ਲਾਈਵਸਟਾਕ ਕੰਪਲੈਕਸ ਸੈਕਟਰ-68 ਸਾਹਿਬਜ਼ਾਦਾ ਅਜੀਤ ਸਿੰਘ ਨਗਰ

(ਅਮਲਾ ਸ਼ਾਖਾ-2)

ਸੇਵਾ ਵਿਖੇ,

ਸਮੂਹ ਡਿਪਟੀ ਡਾਇਰੈਕਟਰ,ਪਸ਼ੂ ਪਾਲਣ
ਅਧੀਨ ਦਫਤਰ,ਪੰਜਾਬ ।
ਮੀਮੋ ਨੰ. 2022/ਅ-3/
ਮਿਤੀ:

ਵਿਸ਼ਾ:- ਚੰਡੀਗੜ੍ਹ ਪ੍ਰਸ਼ਾਸਨ (ਪਸ਼ੂ ਪਾਲਣ ਵਿਭਾਗ) ਵਿਖੇ ਡੈਪੂਟੇਸ਼ਨ ਤੇ ਵੈਟਨਰੀ ਇੰਸਪੈਕਟਰਾਂ ਦਾ ਪੈਨਲ ਭੇਜਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਅਧੀਨ ਵੈਟਨਰੀ ਇੰਸਪੈਕਟਰਾਂ ਦੀਆਂ ਪੰਜਾਬ ਕੋਟੇ ਦੀਆਂ ਖਾਲੀ ਹੋ ਰਹੀਆਂ ਤਿੰਨ ਅਸਾਮੀਆਂ ਭਰਨ ਲਈ ਚਾਹਵਾਨ ਕਰਮਚਾਰੀਆਂ ਦਾ ਪੈਨਲ ਚੰਡੀਗੜ੍ਹ ਪ੍ਰਸ਼ਾਸਨ ਨੂੰ ਭੇਜਿਆ ਜਾਣਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਆਪ ਅਧੀਨ ਕੰਮ ਕਰਦੇ ਸਮੂਹ ਸੀਨੀਅਰ ਵੈਟਨਰੀ ਅਫਸਰਾਂ ਅਤੇ ਵੈਟਨਰੀ ਅਫਸਰਾਂ ਰਾਹੀ ਜਿਲ੍ਹੇ ਦੇ ਸਾਰੇ ਵੈਟਨਰੀ ਇੰਸਪੈਕਟਰਾਂ ਨੂੰ ਜਾਣੂੰ ਕਰਵਾਕੇ ਚੰਡੀਗੜ੍ਹ ਪ੍ਰਸ਼ਾਸਨ ਅਧੀਨ ਡੈਪੂਟੇਸ਼ਨ ਤੇ ਜਾਣ ਵਾਲੇ ਚਾਹਵਾਨ ਕਰਮਚਾਰੀਆਂ, ਜਿਹਨਾਂ ਦੀ ਰੈਗੂਲਰ ਸੇਵਾ 5 ਸਾਲ ਦੀ ਹੋ ਗਈ ਹੋਵੇ ਅਤੇ ਕੰਮ ਤੇ ਆਚਰਣ ਚੰਗੇ ਦਰਜੇ ਦਾ ਹੋਵੇ/ ਕੋਈ ਸ਼ਿਕਾਇਤ,ਇੰਨਕੁਆਰੀ ਆਦਿ ਪੈਂਡਿੰਗ ਨਾ ਹੋਵੇ,ਦੀਆ ਅਰਜ਼ੀਆ ਪ੍ਰਾਪਤ ਕਰਕੇ ਸਮੇਤ ਸੇਵਾ ਪੱਤਰੀਆਂ ਦੇ ਪੱਤਰ ਜਾਰੀ ਹੋਣ ਦੀ ਮਿਤੀ ਤੋ ਇਕ ਹਫਤੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਵਿਸ਼ੇਸ਼ ਹਰਕਾਰੇ ਰਾਹੀ ਭੇਜਣੀਆ ਯਕੀਨੀ ਬਣਾਈਆ ਜਾਣ । ਜੇਕਰ ਆਪ ਅਧੀਨ ਕੰਮ ਕਰਦੇ ਵੈਟਨਰੀ ਇੰਸਪੈਕਟਰਾ ਵਿੱਚੋ ਕੋਈ ਵੀ ਕਰਮਚਾਰੀ ਡੈਪੂਟੇਸ਼ਨ ਤੇ ਜਾਣ ਦਾ ਚਾਹਵਾਨ ਨਹੀ ਹੈ, ਤਾਂ ਵੀ ਇਸ ਸਬੰਧੀ ਤਸਦੀਕ ਕਰਕੇ ਰਿਪੋਰਟ ਮਿੱਥੇ ਸਮੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਈ-ਮੇਲ (dahpunjab@gmail.com ) ਤੇ ਭੇਜੀ ਜਾਵੇ।

2. ਆਪਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਜਾਰੀ ਹੋਣ ਉਪਰੰਤ ਮਿੱਥੇ ਸਮੇ ਵਿੱਚ ਸੂਚਨਾ ਨਾ ਮਿਲਣ ਕਾਰਣ ਜੇਕਰ ਕਿਸੇ ਚਾਹਵਾਨ ਕਰਮਚਾਰੀ ਦਾ ਨਾਮ ਡੈਪੂਟੇਸ਼ਨ ਦੇ ਪੈਨਲ ਵਿੱਚ ਦਰਜ ਕਰਨ ਤੋ ਰਹਿ ਜਾਂਦਾ ਹੈ ਤਾਂ ਇਸ ਸਬੰਧੀ ਆਪ ਦੀ ਨਿੱਜੀ ਜਿੰਮੇਵਾਰੀ ਨਿਰਧਾਰਤ ਕੀਤੀ ਜਾਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਅਤੇ ਅਤਿ-ਜ਼ਰੂਰੀ ਸਮਝਿਆ ਜਾਵੇ।

ਸਹੀ/-
ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ.2022/ਅ-3/ 2428 A

ਮਿਤੀ: 03/03/2022

ਇਸ ਦਾ ਇੱਕ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਵਿਸ਼ੇਸ਼ ਮੁੱਖ ਸਕੱਤਰ,ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ, ਪੰਜਾਬ (ਪਸ਼ੂ ਪਾਲਣ ਸ਼ਾਖਾ-2) ਨੂੰ ਉਨ੍ਹਾ ਦੇ ਮੀਮੋ ਨੰ.23/01/2002.ਪ.ਪ.6/736 ਮਿਤੀ 22.02.2022 ਦੇ ਹਵਾਲੇ ਵਿੱਚ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧੀਨ ਦਫਤਰ ਪਾਸੋ ਚਾਹਵਾਨ ਵੈਟਨਰੀ ਇੰਸਪੈਕਟਰਾਂ ਦੀਆ ਪ੍ਰਤੀਬੇਨਤੀ ਪ੍ਰਾਪਤ ਹੋਣ ਉਪਰੰਤ ਚੰਡੀਗੜ੍ਹ ਪ੍ਰਸ਼ਾਸਨ (ਪਸ਼ੂ ਪਾਲਣ ਵਿਭਾਗ) ਵਿਖੇ ਪੰਜਾਬ ਕੋਟੇ ਦੀਆ ਅਸਾਮੀਆ ਡੈਪੂਟੇਸ਼ਨ ਰਾਹੀ ਭਰਨ ਲਈ ਪੈਨਲ ਤਿਆਰ ਕਰਕੇ ਆਪਨੂੰ ਭੇਜ ਦਿੱਤਾ ਜਾਵੇਗਾ ਜੀ।

2) ਨਿਜੀ ਸਟਾਫ ਟੂ ਨਿਮਨਹਸਤਾਖਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਇੱਕ ਕਾਪੀ ਸਮੂਹ ਦਫਤਰਾਂ ਦੇ ਮੁੱਖੀ ਅਧੀਨ ਦਫਤਰਾਂ ਨੂੰ ਈ-ਮੇਲ ਰਾਹੀ ਭੇਜਕੇ ਉਨ੍ਹਾ ਨੂੰ ਮੰਗੀ ਗਈ ਸੂਚਨਾ ਮਿੱਥੇ ਸਮੇ ਅੰਦਰ ਭੇਜਣ ਲਈ ਟੈਲੀਫੋਨ ਰਾਹੀ ਵੀ ਸੂਚਿਤ ਕੀਤਾ ਜਾਵੇ।

3) ਸਮੂਹ ਵੈਟਨਰੀ ਇੰਸਪੈਕਟਰ (ਮਾਰਫਤ ਸਬੰਧਤ ਅਧੀਨ ਦਫਤਰ ਦੇ ਮੁੱਖੀ ਪਸ਼ੂ ਪਾਲਣ ਵਿਭਾਗ, ਪੰਜਾਬ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰ ਉਹਨਾਂ ਦੀ 5 ਸਾਲ ਦੀ ਰੈਗੂਲਰ ਸੇਵਾ ਮੁਕੰਮਲ ਹੋ ਗਈ ਹੋਵੇ ਅਤੇ ਉਹਨਾ ਵਿਰੁੱਧ ਕੋਈ ਸ਼ਿਕਾਇਤ / ਇਨਕੁਆਰੀ ਆਦਿ ਪੈਂਡਿੰਗ ਨਾ ਹੋਵੇ ਅਤੇ ਉਹ ਚੰਡੀਗੜ੍ਹ ਪ੍ਰਸ਼ਾਸਨ ਅਧੀਨ ਡੈਪੂਟੇਸ਼ਨ ਤੇ ਜਾਣ ਦੇ ਚਾਹਵਾਨ ਹੋਣ, ਤਾਂ ਉਹ ਇਸ ਸਬੰਧੀ ਆਪਣੀ ਸਹਿਮਤੀ ਤੁਰੰਤ ਸਬੰਧਤ ਡਿਪਟੀ ਡਾਇਰੈਕਟਰ,ਪਸ਼ੂ ਪਾਲਣ ਰਾਹੀ ਇਸ ਦਫਤਰ ਨੂੰ ਭੇਜਣ ਅਤੇ ਸਹਿਮਤੀ ਪੱਤਰ ਦੀ ਇੱਕ ਕਾਪੀ dahpunjab@gmail.com ਤੇ ਈ-ਮੇਲ ਰਾਹੀ ਭੇਜੀ ਜਾਵੇ।

4) ਡਾ.ਪਰਮਪਾਲ ਸਿੰਘ, ਨੋਡਲ ਅਫਸਰ,ਵੈਬਸਾਈਟ ਐਂਡ ਐਪ ਸੈਲ (ਸਦਰ ਦਫਤਰ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।

ਡਾਇਰੈਕਟਰ,ਪਸ਼ੂ ਪਾਲਣ ਵਿਭਾਗ,ਪੰਜਾਬ
ਸਾਹਿਬਜਾਦਾ ਅਜੀਤ ਸਿੰਘ ਨਗਰ।